Name of God is always ocean of happiness, but Manmukhs could not like the true word. 7
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ mukhahu har har sabh ko karai virlai hirdai vasaa-i-aa.
From mouth, everyone recites God, God, but very rare could place Him in his mind.

ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥
naanak jin kai hirdai vasi-aa mokh mukat tin^H paa-i-aa. ||8||2||
Nanak says, "Those in whose mind, He abides, they are blessed with liberation." 8.2
ਵਡਹੰਸੁ ਮਹਲਾ ੧ ਛੰਤ vad-hans mehlaa 1 chhant *VADHANS M: 1 CHHANT*
ੴ ਸਤਿਗੁਰ ਪ੍ਰਸਾਦਿ ॥ ik-o^N kaar satgur prsaad.
God is one, realized by the grace of true Guru.
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ kaa-i-aa koorh vigaarh kaahay naa-ee-ai.
The body is spoiled by falsehood, what for a bath?
ਨਾਤਾ ਸੋ ਪਰਵਾਣੁ ਸਚੁ ਕਮਾਈਐ ॥ naataa so parvaan sach kamaa-ee-ai.
That bath is accepted, which earns truth.
ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥ jab saach andar ho-ay saachaa taam saachaa paa-ee-ai.
When with truth in mind, one becomes true, then one is blessed with True.

P. 566

ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥ likhay baajhahu surat naahee bol bol gavaa-ee-ai.
Unless it is written, there is no sense, we just speak and waste our words.
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥
jithai jaa-ay bahee-ai bhalaa kahee-ai surat sabad likhaa-ee-ai.
Wherever we go and sit, let us speak good, and get the word of love in writing.
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥ kaa-i-aa koorh vigaarh kaahay naa-ee-ai. ||1||
The body is spoiled by falsehood, what for a bath? 1
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ taa mai kahi-aa kahan jaa tujhai kahaa-i-aa.
What was to be spoken, I spoke, when you called me for speaking.
ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥ amrit har kaa naam mayrai man bhaa-i-aa.
Nectar is the name of God, it is pleasing to my mind.
ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥ naam meethaa maneh laagaa dookh dayraa dhaahi-aa.
When name tasted sweet to my mind, the camp of sorrows was demolished.
ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥ sookh man meh aa-ay vasi-aa jaam tai furmaa-i-aa.
The moment you ordered the happiness came to stay in my mind.
ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥ nadar tuDh ardaas mayree jinn aap upaa-i-aa.
You are kind to my prayer, since you yourself have created me.
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥ taa mai kahi-aa kahan jaa tujhai kahaa-i-aa. ||2||
What was to be spoken, I spoke, when you called me for speaking. 2
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ vaaree khasam kadhaa-ay kirat kamaavanaa.
The Master grants turn, as per my actions.
ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ mandaa kisai na aakh jhagrhaa paavnaa.
Do not call anyone bad, and be in quarrel with him.
ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ nah paa-ay jhagrhaa su-aam saytee aap aap vanjaavanaa.
Do no quarrel with Master, and spoil yourself.
ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥ jis naal sangat kar sareekee jaa-ay ki-aa roo-aavanaa.
With whomever one congregates, why to create rivalry with him and weep.
ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ jo day-ay sahnaa maneh kahnaa aakh naahee vaavnaa.
Whatever God gives, enjoy it, tell your mind not to grumble.
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥ vaaree khasam kadhaa-ay kirat kamaavanaa. ||3||
The Master grants turn, as per my actions. 3
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ sabh upaa-ee-an aap aapay nadar karay.

He Himself has created all, and Himself looks after.
ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥ ka-urhaa ko-ay na maagai meethaa sabh maagai.
None begs for bitter, everyone begs for sweet.
ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥ sabh ko-ay meethaa mang daykhai khasam bhaavai so karay.
Everyone may beg for sweet, but if liked by Master, He gives.
ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥ kichh punn daan anayk karnee naam tul na samasray.
Giving some charity, some gifts, and doing many other actions, nothing will match with name.
ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ naankaa jin naam mili-aa karam ho-aa Dhur kaday.
Nanak says, "At sometime, He may be kind and grant name to some.
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥ sabh upaa-ee-an aap aapay nadar karay. ||4||1||
He Himself has created all, and Himself looks after." 4.1
ਵਡਹੰਸੁ ਮਹਲਾ ੧ ॥ vad-hans mehlaa 1. *VADHANS M: 1*
ਕਰਹੁ ਦਇਆ ਤੇਰਾ ਨਾਮੁ ਵਖਾਣਾ ॥ karahu da-i-aa tayraa naam vakhaanaa.
Be kind, so that I recite your name.
ਸਭ ਉਪਾਈਐ ਆਪਿ ਆਪੇ ਸਰਬ ਸਮਾਣਾ ॥ sabh upaa-ee-ai aap aapay sarab samaanaa.
You yourself has created all and yourself are merging in.
ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ ਲਾਈਆ ॥ sarbay samaanaa aap toohai upaa-ay DhanDhai laa-ee-aa.
You alone are merging in all, creating them you put them on job.
ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ ॥ ik tujh hee kee-ay raajay iknaa bhikh bhavaa-ee-aa.
To some you have made kings, and to some you have put on begging.
ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ ॥ lobh moh tujh kee-aa meethaa ayt bharam bhulaanaa.
You have made greed and avarice sweet, thus you get some astraying in doubt.
ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ ॥੧॥ sadaa da-i-aa karahu apnee taam naam vakhaanaa. ||1||
Ever shower your grace, I will recite your name. 1
ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ ॥ naam tayraa hai saachaa sadaa mai man bhaanaa.
Your name is true, ever pleasing to my mind.
ਦੂਖੁ ਗਇਆ ਸੁਖੁ ਆਇ ਸਮਾਣਾ ॥ dookh ga-i-aa sukh aa-ay samaanaa.
The sorrow has moved out, and happiness has moved in.
ਗਾਵਨਿ ਸੁਰਿ ਨਰ ਸੁਘੜ ਸੁਜਾਣਾ ॥ gaavan sur nar sugharh sujaanaa.
The gods, the men, the wise, the awaring, all are singing about you.
ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ ॥ sur nar sugharh sujaan gaavahi jo tayrai man bhaavhay.
The gods, the men, the wise, the awaring, sing, that pleases to your mind.
ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ ॥ maa-i-aa mohay cheeteh naahee ahilaa janam gavaavhay.
The robbed by Maya, do not remember you, they have lost lot of their life.
ਇਕਿ ਮੂੜ ਮੁਗਧ ਨ ਚੇਤਹਿ ਮੂਲੇ ਜੋ ਆਇਆ ਤਿਸੁ ਜਾਣਾ ॥ ik moorh mugaDh na cheeteh moolay jo aa-i-aa tis jaanaa.
Some idiots, fools do not remember you at all, whoever has come, has to go.
ਨਾਮੁ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ ॥੨॥ naam tayraa sadaa saachaa so-ay mai man bhaanaa. ||2||
Your name is ever true, the same is pleasing to my mind. 2
ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥ tayraa vakhat suhaavaa amrit tayree banee.
Time spent for you is pleasing, and your word is nectar.
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥ sayvak sayveh bhaa-o kar laagaa saa-o paraanee.
The servant serves with love, the people are enjoying.
ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥ saa-o paraanee tinaa laagaa jinee amrit paa-i-aa.
Only those people are enjoying, who are blessed with nectar.
ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥ naam tayrai jo-ay raatay nit charheh savaa-i-aa.

Those who are in love with your name, everyday a quarter of it is added to it.
ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥ ik karam Dharam na ho-ay sanjam jaam na ayk pachhaanee.
Some cannot be in action, in faith, in discipline, they cannot realize One.
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥ vakhat suhaavaa sadaa tayraa amrit tayree banee. ||3||
Time spent for you is ever pleasing, and your word is nectar. 3
ਹਉ ਬਲਿਹਾਰੀ ਸਾਚੇ ਨਾਵੈ ॥ ha-o balihaaree saachay naavai.
I sacrifice myself for true name.
P. 567
ਰਾਜੁ ਤੇਰਾ ਕਬਹੁ ਨ ਜਾਵੈ ॥ raaj tayraa kabahu na jaavai.
Your rule will never end.
ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥ raajo ta tayraa sadaa nihchal ayhu kabahu na jaav-ay.
Your rule is ever stable, it will never end.
ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥ chaakar ta tayraa so-ay hovai jo-ay sahj samaav-ay.
Whoever is your servant, he will merge, in you.
ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥ dusman ta dookh na lagai moolay paap nayrh na aav-ay.
Your enemies can never trouble you, and sins cannot touch.
ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥੪॥ ha-o balihaaree sadaa hovaa ayk tayray naav-ay. ||4||
I ever sacrifice myself for your one name. 4
ਜੁਗਹ ਜੁਗੰਤਰਿ ਭਗਤ ਤੁਮਾਰੇ ॥ ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥
jugah jugantar bhagat tumaaray. keerat karahi su-aamee tayrai du-aaray.
In all ages, your devotees sing your praise at your door, O! Master.
ਜਪਹਿ ਤ ਸਾਚਾ ਏਕੁ ਮੁਰਾਰੇ ॥ jaapeh ta saachaa ayk muraaray.
They remember only true, one God.
ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ ॥ saachaa muraaray taam jaapeh jaam man vasaavhay.
When they remember true God, He comes to stay in mind.
ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ ॥ bharmo bhulaavaa tujheh kee-aa jaam ayhu chukaavhay.
Whatever the astraying doubt, it is your creation, you move from them it out.
ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥ gur parsaadee karahu kirpaa layho jamahu ubaaray.
With the grace of Guru, be kind, and liberate them from the devil of death.
ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥ jugah jugantar bhagat tumaaray. ||5||
In all ages, they are your devotees. 5
ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥ vaday mayray saahibaa alakh apaaraa.
O! my supreme Master, you are unknowable, infinite.
ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ ॥ ki-o kar kara-o baynantee ha-o aakh na jaanaa.
How to pray before, you, I do not know.
ਨਦਰਿ ਕਰਹਿ ਤਾ ਸਾਚੁ ਪਛਾਣਾ ॥ nadar karahi taa saach pachhaanaa.
If you become graceful, then I can realize the truth.
ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ ॥ saacho pachhaanaa taam tayraa jaam aap bujhaavhay.
Only then I can realize your truth, when you get me to realize.
ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ ॥ dookh bhookh sansaar kee-ay sahsaa ayhu chukaavhay.
You have given pain and hunger to the world, let this doubt be removed.
ਬਿਨਵੰਤਿ ਨਾਨਕੁ ਜਾਇ ਸਹਸਾ ਬੁਝੈ ਗੁਰ ਬੀਚਾਰਾ ॥ binvant naanak jaa-ay sahsaa bujhai gur beechaaraa.
Nanak says, "Once this doubt goes, then one understands the thought of Guru.
ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥ vadaa saahib hai aap alakh apaaraa. ||6||
He Himself is supreme Master, unknowable, infinite." 6

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ tayray bankay lo-in dant reesaalaa.
Your eyes are youthful, and your teeth are beautiful.
ਸੋਹਣੇ ਨਕ ਜਿਨ ਲੰਮੜੇ ਵਾਲਾ ॥ sohnay nak jin lammrhay vaalaa.
Your nose is nice (sharp), and hair are long.
ਕੰਚਨ ਕਾਇਆ ਸੁਇਨੇ ਕੀ ਢਾਲਾ ॥ kanchan kaa-i-aa su-inay kee dhaalaa.
Your body is golden, cast in Gold.
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥ sovann dhaalaa krisan maalaa japahu tusee sahayleeho.
O! my friends, you remember One, cast in gold, and holding black rosary.
ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥ jam du-aar na hohu kharhee-aa sikh sunhu mahayleeho.
O! my friends, listen His teachings, you will not have to stand at the door of the devil of death.
ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ ॥ hans hansaa bag bagaa lahai man kee jaalaa.
The net around your mind shall be removed, then you will know who is swan in swans and heron in herons.
ਬੰਕੇ ਲੋਇਣ ਦੰਤ ਰੀਸਾਲਾ ॥੭॥ bankay lo-in dant reesaalaa. ||7||
Your eyes are youthful and your teeth are beautiful. 7
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ tayree chaal suhaavee maDhuraarhee banee.
Your gait is graceful, you speak sweet.
ਕੁਹਕਨਿ ਕੋਕਿਲਾ ਤਰਲ ਜੁਆਣੀ ॥ kuhkan kokilaa taral ju-aanee.
You sing like cuckoo, and your youth is lively..
ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ ॥ tarlaa ju-aanee aap bhaanee ichh man kee pooree-ay.
Your lively youth, pleases you, and it fulfills, the desires of mind.
ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ ॥ saarang ji-o pag Dharai thim thim aap aap sanDhoora-ay.
Like the sarang, placing its feet, creates musical sound and himself enjoys it.
ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ ॥ sareerang raatee firai maatee udak gangaa vaanee.
The intoxicated in the love of God, she moves, like the water in ganga flows.
ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥੮॥੨॥
binvant naanak daas har kaa tayree chaal suhaavee maDhuraarhee banee. ||8||2||
Nanak, the servant of God, says, "Your gait is graceful, you speak sweet." 8.2
ਵਡਹੰਸੁ ਮਹਲਾ ੩ ਛੰਤ vad-hans mehlaa 3 chhant *VADHANS M: 3 CHHANT*
ੴ ਸਤਿਗੁਰ ਪ੍ਰਸਾਦਿ ॥ ik-oNkaar satgur prsaad.
God is one, realized by the grace of true Guru.
ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ ॥ aapnay pir kai rang ratee mu-ee-ay sobhaavantee naaray.
O! loving, praise-worthy damsel, you are enjoying in the love of your dear.
ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ ॥
sachai sabad mil rahee mu-ee-ay pir raavay bhaa-ay pi-aaray.
O! loving, you are in union with true word, your husband is enjoying you with the feeling of love.
ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥
sachai bhaa-ay pi-aaree kant savaaree har har si-o nayhu rachaa-i-aa.
You are liked and loved by True, He has decorated you, you are in love for God.
ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥
aap gavaa-i-aa taa pir paa-i-aa gur kai sabad samaa-i-aa.
Once you lose yourself (ego), then you get your dear, and you will merge in the word of Guru.
ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ ॥
saa Dhan sabad suhaa-ee paraym kasaa-ee antar pareet pi-aaree.

That wife is decorated with word, in whose mind is the piercing love, and is loved by dear (Him).
ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ ॥੧॥
naanak saa Dhan mayl la-ee pir aapay saachai saahi savaaree. ||1||
Nanak says, "The wife, who is decorated by true loveer, He himself, has got her in His union."
ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ ॥ nirgunvant-rhee-ay pir daykh hadooray raam.
O! woman without merit, see God, your dear is present.
ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ ॥
gurmukh jinee raavi-aa mu-ee-ay pir rav rahi-aa bharpooray raam.
O! loving, those Gurmukhs, who recite God, they find their husband perfectly pervading.

P. 568

ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ ॥
pir rav rahi-aa bharpooray vaykh hajooray jug jug ayko jaataa.
Dear is perfectly pervading, find Him present. One is known in all ages.
ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ ॥ Dhan baalee bholee pir sahj raavai mili-aa karam biDhaataa.
O! innocent, young woman, enjoy your dear, in ease, you are with the like giving Creator.
ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ ॥
jin har ras chaakhi-aa sabad subhaakhi-aa har sar rahee bharpooray.
Those who have tasted the nectar of God, they speak in pleasant words, and they are living in the home of God.
ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥੨॥ naanak kaaman saa pir bhaavai sabday rahai hadooray. ||2||
Nanak says, "That woman is liked by her husband, who, remains in the presence of ward." 2
ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥
sohaaganee jaa-ay poochhahu mu-ee-ay jinee vichahu aap gavaa-i-aa.
O! loving, go and ask those happily married women, who has negated their ego.
ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥
pir kaa hukam na paa-i-o mu-ee-ay jinee vichahu aap na gavaa-i-aa.
O! loving, those who do not negate their ego, they do not get in dear's order.
ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥
jinee aap gavaa-i-aa tinee pir paa-i-aa rang si-o ralee-aa maanai.
Those who lose their ego, they meet their dear, and enjoy His love
ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥ sadaa rang raatee sehjay maatee an-din naam vakhaanai.
They are ever enjoying their love, intoxicated, in ease, day and night, they recite His name.
ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥
kaaman vadbhaagee antar liv laagee har kaa paraym subhaa-i-aa.
Those who are intuned from within, they are lucky woman. They enjoy God's love, in ease.
ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥੩॥
naanak kaaman sehjay raatee jin sach seegaar banaa-i-aa. ||3||
Nanak says, "That woman, who decorates herself with truth, enjoys His love, in ease." 3
ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥ ha-umai maar mu-ee-ay too chal gur kai bhaa-ay.
O! loving, kill your ego and act in the will of Guru.
ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥ har var raaveh sadaa mu-ee-ay nij ghar vaasaa paa-ay.
O! loving, ever recite your God-husband, and live in own home.
ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥
nij ghar vaasaa paa-ay sabad vajaa-ay sadaa suhaagan naaree.
Such a women, who lives in own home, recites name, she ever enjoys marital bliss.

ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥ pir ralee-aalaa joban baalaa an-din kant savaaree.
Husband is man of taste, wife is of innocent youth. Day and night, she is decorated by Husband.
ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥ har var sohaago mastak bhaago sachai sabad suhaa-ay.
If preordained, she is blessed with God-husband, she is beautified by true word.
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥੪॥੧॥
naanak kaaman har rang raatee jaa chalai satgur bhaa-ay. ||4||1||
Nanak says, "If woman follows the will of true Guru, she enjoys the love of God." 4.1
ਵਡਹੰਸੁ ਮਹਲਾ ੩ ॥ vad-hans mehlaa 3. *VADHANS M: 3*
ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥ gurmukh sabh vaapaar bhalaa jay sehjay keejai raam.
O! God, for a Gurmukh, all bargains are good, if struck, in ease.
ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ ॥ an-din naam vakhaanee-ai laahaa har ras peejai raam.
Day and night, let us recite name, and gain the drink of God's nectar.
ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥ laahaa har ras leejai har raaveejai an-din naam vakhaanai.
Have the gain of nectar, enjoy it, by reciting God, day and night.
ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥ gun sangrahi avgan viknahi aapai aap pachhaanai.
Collect virtues and sell (throw) away vices, thus recognise yourself.
ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ ॥ gurmat paa-ee vadee vadi-aa-ee sachai sabad ras peejai.
With the wisdom of Guru, be praiseworthy, and drink the nectar of true word.
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥੧॥ naanak har kee bhagat niraalee gurmukh virlai keejai. ||1||
Nanak says, "The devotion of God is of wonders, very rare of a Gurmukh does it." 1
ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ ॥
gurmukh khaytee har antar beejee-ai har leejai sareer jamaa-ay raam.
Gurmukh sows the crop of God within, God gets it grown in body.
ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ ॥
aapnay ghar andar ras bhunch too laahaa lai parthaa-ay raam.
You enjoy nectar in own home, and get its reward also.
ਲਾਹਾ ਪਰਥਾਏ ਹਰਿ ਮੰਨਿ ਵਸਾਏ ਧਨੁ ਖੇਤੀ ਵਾਪਾਰਾ ॥ laahaa parthaa-ay har man vasaa-ay Dhan khaytee vaapaaraa.
The gain for it is to have God abiding in mind, such a trade or agriculture is great.
ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ ॥ har naam Dhi-aa-ay man vasaa-ay boojhai gur beechaaraa.
So, remember the name of God, get it abiding in mind and realize the thought of Guru.
ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ ॥
manmukh khaytee vanaj kar thaakay tarisnaa bhukh na jaa-ay.
Manmukhs are tired of doing trade and agriculture, their hunger and lust do not quench.
ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ ॥੨॥ naanak naam beej man andar sachai sabad subhaa-ay. ||2||
Nanak says, "Sow name in mind, and be in the love of true word." 2
ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥
har vaapaar say jan laagay jinaa mastak manee vadbhaago raam.
Only those trade in God, in whose fore-head is the jewel of great luck; O! God.
ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥ gurmatee man nij ghar vasi-aa sachai sabad bairaago raam.
With the wisdom of Guru, mind stays in own home, they detach through true word, O! God.
ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ ॥ mukh mastak bhaago sach bairaago saach ratay veechaaree.
If preordained, they are truly detached, they absorb in thought of pure.
ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥ naam binaa sabh jag ba-uraanaa sabday ha-umai maaree.
Devoid of name, the whole world is bewildered, they should kill ego with word.
ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋਹਾਗੋ ॥ saachai sabad laag mat upjai gurmukh naam sohaago.

Being in the true word, the wisdom comes up, Gurmukhs are married with name.

P. 569

ਨਾਨਕ ਸਬਦਿ ਮਿਲੈ ਭਉ ਭੰਜਨੁ ਹਰਿ ਰਾਵੈ ਮਸਤਕਿ ਭਾਗੋ ॥੩॥

naanak sabad milai bha-o bhanjan har raavai mastak bhaago. ||3||

Nanak says, "If lucky enough, through word, they meet with and recite about fear destroying God." 3

ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥ khaytee vanaj sabh hukam hai hukmay man vadi-aa-ee raam.

Trade or agriculture, everything, is in order, in order is the acceptance of the greatness of God.

ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥ gurmatee hukam boojhee-ai hukmay mayl milaa-ee raam.

In the wisdom of Guru, one understands order, in order is union of two, O! God.

ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥ hukam milaa-ee sahj samaa-ee gur kaa sabad apaaraa.

Meeting in order is merging, in ease, Guru's word is infinite.

ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥ sachee vadi-aa-ee gur tay paa-ee sach savaaranhaaraa.

True greatness is granted by Guru, True is refashioner.

ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥

bha-o bhanjan paa-i-aa aap gavaa-i-aa gurmukh mayl milaa-ee.

Leaving ego, one meets the fear-destroying, Gurmukh gets the union between two.

ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪॥੨॥

kaho naanak naam niranjan agam agochar hukmay rahi-aa samaa-ee. ||4||2||

Nanak says, "Remember the name of Taintless, unapproachable, unknowable, merge in order." 4.2

ਵਡਹੰਸੁ ਮਹਲਾ ੩ ॥ vad-hans mehlaa 3. *VADHANS M: 3*

ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥ man mayri-aa too sadaa sach samaal jee-o.

O! my lovable mind, you ever remember the True.

ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ ॥ aapnai ghar too sukh vaseh pohi na sakai jamkaal jee-o.

You live happily in own home, the devil of death will not touch you, O! lovable.

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ ॥ kaal jaal jam johi na saakai saachai sabad liv laa-ay.

Being intuned with true word, the net of the devil of death will not trap you.

ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥ sadaa sach rataa man nirmal aavan jaan rahaa-ay.

Being ever in love with true, the mind is pure, the coming and going is, in cease.

ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥ doojai bhaa-ay bharam vigutee manmukh mohee jamkaal.

In other's love, one is lost in doubt, Manmukh thus is robbed by the devil of death.

ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥ kahai naanak sun man mayray too sadaa sach samaal. ||1||

Nanak says, "Listen O! my mind, you ever remember the True." 1

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥

man mayri-aa antar tayrai niDhaan hai baahar vasat na bhaal.

O! my mind, within you is the treasure, do not find anything from outside.

ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ ॥ jo bhaavai so bhunch too gurmukh nadar nihaal.

O! Gurmukh, whatever He likes gives you to eat and hold Him in you eyes.

ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ ॥

gurmukh nadar nihaal man mayray antar har naam sakhaa-ee.

O! my mind, hold Gurmukh in your eyes, within you is the friend in God's name.

ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥

manmukh anDhulay gi-aan vihoonay doojai bhaa-ay khu-aa-ee.

Manmukhs are devoid of knowledge, thus are blind, and are lost in other's love.

ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥ bin naavai ko chhootai naahee sabh baaDhee jamkaal.

Without name, none liberates, all are bound by the devil of death.
ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥੨॥
naanak antar tayrai niDhaan hai too baahar vasat na bhaal. ||2||
Nanak says, "Within you is the treasure, do not find anything from outside." 2
ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ ਇਕਿ ਸਚਿ ਲਗੇ ਵਾਪਾਰਾ ॥
man mayri-aa janam padaarath paa-ay kai ik sach lagay vaapaaraa.
O! my mind, being blessed with the wealth of life, be in the true trade of One.
ਸਤਿਗੁਰੁ ਸੇਵਨਿ ਆਪਣਾ ਅੰਤਰਿ ਸਬਦੁ ਅਪਾਰਾ ॥ satgur sayvan aapnaa antar sabad apaaraa.
Such people serve their own true Guru, within them is the infinite word.
ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉ ਨਿਧਿ ਪਾਈ ॥
antar sabad apaaraa har naam pi-aaraa naamay na-o niDh paa-ee.
Within them is the infinite word, the name of God is dear to them, they are blessed with nine treasures through name.
ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ ॥
manmukh maa-i-aa moh vi-aapay dookh santaapay doojai pat gavaa-ee.
Manmukhs are busy in greed for wealth, they are in trouble, in clash, and have lost their honour for other (than God).
ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ ॥ ha-umai maar sach sabad samaanay sach ratay aDhikaa-ee.
Some, killing their ego are merging in True word, they are extremely in love for True.
ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ॥੩॥
naanak maanas janam dulambh hai satgur boojh bujhaa-ee. ||3||
Nanak says, "Human life is rare, this riddle is explained by true Guru." 3
ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥
man mayray satgur sayvan aapnaa say jan vadbhaagee raam.
O! my mind, those who serve their own true Guru, such men of God are lucky.
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥ jo man maareh aapnaa say purakh bairaagee raam.
Those who discipline their own mind, such people are detached ones, O! God.
ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥
say jan bairaagee sach liv laagee aapnaa aap pachhaani-aa.
Those men of God are detached, who are intuned with true, they have recognised their own self.
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥
mat nihchal at goorhee gurmukh sehjay naam vakhaani-aa.
Their wisdom is stable, extremely profound, Gurmukh's recite name, in ease.
ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ ॥
ik kaaman hitkaaree maa-i-aa mohi pi-aaree manmukh so-ay rahay abhaagay.
Some are in love for women, they also love the greed for money, such unlucky Manmukhs are sleeping.
ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ ॥੪॥੩॥
naanak sehjay sayveh gur apnaa say pooray vadbhaagay. ||4||3||
Nanak says, "Those who serve their Guru, in ease, they are perfectly lucky." 4.3
ਵਡਹੰਸੁ ਮਹਲਾ ੩ ॥ vad-hans mehlaa 3. *VADHANS M: 3*
ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥ ratan padaarath vanjee-ah satgur dee-aa bujhaa-ee raam.
The true Guru has made to understand, that purchase only the wealth of gems, of God.
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥ laahaa laabh har bhagat hai gun meh gunee samaa-ee raam.
God's devotion is the gain, the profit, virtuous is merging in virtues, O! God.

P. 570

ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
gun meh gunee samaa-ay jis aap bujhaa-ay laahaa bhagat saisaaray.
The virtuous is merging in virtues, this is for one whom He makes to understand, that get the gain of devotion in the world.
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥
bin bhagtee sukh na ho-ee doojai pat kho-ee gurmat naam aDhaaray.
There is no happiness, without devotion, do not lose honour for other, in the wisdom of Guru, name sustains.
ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥ vakhar naam sadaa laabh hai jis no ayt vaapaar laa-ay.
In the trade of name, there is always profit, but it is for one, whom he puts in that trade.
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥
ratan padaarath vanjee-ah jaa^{N} satgur day-ay bujhaa-ay. ||1||
Purchase only the wealth of gems, this true Guru teaches to understand. 1
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ maa-i-aa moh sabh dukh hai khotaa ih vaapaaraa raam.
The greed for wealth is all sufferings. this trade is not worthy, O! God.
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥ koorh bol bikh khaavnee baho vaDheh vikaaraa raam.
Telling lies and eating poison, only increases ill-intentions, O! God.
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
baho vaDheh vikaaraa sahsaa ih sansaaraa bin naavai pat kho-ee.
With lot of increasing evil intentions, this world is in doubt, devoid of name one loses honour.
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
parh parh pandit vaad vakaaneh bin boojhay sukh na ho-ee.
Reading and reading, Pandit explains clashes, without understanding, there is no happiness.
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ aavan jaanaa kaday na chookai maa-i-aa moh pi-aaraa.
Their coming and going never ends, greed for wealth is dear to them.
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥ maa-i-aa moh sabh dukh hai khotaa ih vaapaaraa. ||2||
Greed for wealth is all sufferings, this trade is not worthy. 2
ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥ khotay kharay sabh parkhee-an tit sachay kai darbaaraa raam.
Worthy and unworthy all are tested, in the court of that True.
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥ khotay dargeh sutee-an oobhay karan pukaaraa raam.
The unworthy are thrown out of His court, sobingly they cry O! God.
ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥
oobhay karan pukaaraa mugaDh gavaaraa manmukh janam gavaa-i-aa.
Sobingly they cry, the idiot, the foolish, these Manmukhs lose their life.
ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥
bikhi-aa maa-i-aa jin jagat bhulaa-i-aa saachaa naam na bhaa-i-aa.
The Maya is poison, it has astrayed the world. True name does not please such people.
ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥ manmukh santaa naal vair kar dukh khatay sansaaraa.
Manmukhs are in animosity with saints, being so, they earn sorrows in the world.
ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥੩॥ khotay kharay parkhee-an tit sachai darvaaraa raam. ||3||
The worthy and unworthy are tested, in the court of that True, O! God. 3
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ ॥
aap karay kis aakhee-ai hor karnaa kichhoo na jaa-ee raam.
When He Himself does, whom else to ask? none else can do anything, O! God.

ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ ॥ jit bhaavai tit laa-isee ji-o tis dee vadi-aa-ee raam.
Wherever He likes, He will put on job. As His excellence desires, O! God.
ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ ॥
ji-o tis dee vadi-aa-ee aap karaa-ee varee-aam na fusee ko-ee.
As is His will, so He wills to get done by everyone, none is brave or coward.
ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ ॥ jagjeevan daataa karam biDhaataa aapay bakhsay so-ee.
He is life, giving, the giver of action in making, He Himself gifts.
ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥ gur parsaadee aap gavaa-ee-ai naanak naam pat paa-ee.
Nanak says, "With the grace of Guru, leave your ego, the honour is in His name only.
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥੪॥੪॥
aap karay kis aakhee-ai hor karnaa kichhoo na jaa-ee. ||4||4||
When He Himself does, whom else to ask? none else can do anything." 4.4
ਵਡਹੰਸੁ ਮਹਲਾ ੩ ॥ vad-hans mehlaa 3. *VADHANS M: 3*
ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥ sachaa sa-udaa har naam hai sachaa vaapaaraa raam.
The true purchasing is the name of God, true trade is of God.
ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ ॥ gurmatee har naam vanjee-ai at mol afaaraa raam.
With the wisdom of Guru, let us purchase the name of God, its value ever appreciates, O! God.
ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥
at mol afaaraa sach vaapaaraa sach vaapaar lagay vadbhaagee.
Ever increasing is the value of true trade, only greatly lucky are in it.
ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ ॥ antar baahar bhagtee raatay sach naam liv laagee.
In and outside home, they are busy in devotion, their mind is intuned with true name.
ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥ nadar karay so-ee sach paa-ay gur kai sabad veechaaraa.
To whomever, He is graceful, he is blessed with truth, this is the thought of Gurus' word.
ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੇ ਕੇ ਵਾਪਾਰਾ ॥੧॥
naanak naam ratay tin hee sukh paa-i-aa saachai kay vaapaaraa. ||1||
Nanak says, "Those who are in love with name, they are blessed with happiness, in the trade of true." 1
ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥ haN-umai maa-i-aa mail hai maa-i-aa mail bhareejai raam.
The filth of wealth is ego, the wealth is filled with filth; O! God.
ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥ gurmatee man nirmalaa rasnaa har ras peejai raam.
In the wisdom of Guru, mind is pure, let tongue drink the nectar; O! God.
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥ rasnaa har ras peejai antar bheejai saach sabad beechaaree.
Let tongue drink the nectar of God, thus mind be contented, by thinking upon true word.
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
antar khoohtaa amrit bhari-aa sabday kaadh pee-ai panihaaree.
Within one is the well, full of nectar, be water drawer to pull it out, with word and drink.
ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥ jis nadar karay so-ee sach laagai rasnaa raam raveejai.
Upon whomever God is kind, he can be intuned with True, let his tongue recite Him.
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥
naanak naam ratay say nirmal hor ha-umai mail bhareejai. ||2||
Nanak says, "Those who are in love with name, they are pure, everyone else is filled with filth." 2
ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
pandit jotkee sabh parh parh kookday kis peh karahi pukaaraa raam.
All Pandits, astrologers, cry after reading, before whom to pray, O! God.

ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
maa-i-aa moh antar mal laagai maa-i-aa kay vaapaaraa raam.
Within them is the filth of greed for wealth, they trade in such wealth, O! God.
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
maa-i-aa kay vaapaaraa jagat pi-aaraa aavan jaan dukh paa-ee.
Trading in wealth, love the worldliness, they suffer when coming and going.
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ ॥
bikh kaa keerhaa bikh si-o laagaa bistaa maahi samaa-ee.
The worm of poison is busy in poison, it merges in filth.
ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥ jo Dhur likhi-aa so-ay kamaavai ko-ay na maytanhaaraa.
What ever is preordained, that they earn, none can wipe it out.
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥
naanak naam ratay tin sadaa sukh paa-i-aa hor moorakh kook mu-ay gaavaaraa. ||3||
Nanak says, "Those in love for name, are ever happy, other foolish die while crying, idiots." 3
ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥ maa-i-aa mohi man rangi-aa mohi suDh na kaa-ee raam.
In the greed for wealth, their mind is coloured, in greed they have lost sense, O! God.
ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ ॥ gurmukh ih man rangee-ai doojaa rang jaa-ee raam.
Once Gurmukhs colour their mind in His love, the other colours fades, O! God.
ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥ doojaa rang jaa-ee saach samaa-ee sach bharay bhandaaraa.
Once other colour fades, they merge in True, their treasures are filled by True.
ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥ gurmukh hovai so-ee boojhai sach savaaranhaaraa.
If there is a Gurmukh, he undersands, that True is refashioner.
ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥ aapay maylay so har milai hor kahnaa kichhoo na jaa-ay.
Whomever He Himself gets to meet, he meets, nothing else can be said.
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥
naanak vin naavai bharam bhulaa-i-aa ik naam ratay rang laa-ay. ||4||5||
Nanak says, "Devoid of name are astraying in doubts, those in love with name are happy." 4.5
ਵਡਹੰਸੁ ਮਹਲਾ ੩ ॥ vad-hans mehlaa 3. ***VADHANS M: 3***
ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ ॥
ay man mayri-aa aavaa ga-on sansaar hai ant sach nibayrhaa raam.
O! my mind, this world is to come and go, in the end, the truth is to survive, O! God.
ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ ॥ aapay sachaa bakhas la-ay fir ho-ay na fayraa raam.
When the True Himself forgives, then there is no rebirth, O! God.
ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ ॥
fir ho-ay na fayraa ant sach nibayrhaa gurmukh milai vadi-aa-ee.
Then there is no rebirth, the Truth in the end survives, Gurmukh is blessed with praise.
ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ ॥ saachai rang raatay sehjay maatay sehjay rahay samaa-ee.
Those who are in love with True, are intoxicated, in ease, and are merging, in ease.
ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ ॥
sachaa man bhaa-i-aa sach vasaa-i-aa sabad ratay ant nibayraa.
True is pleasing to mind, True is abiding in it, emancipation in the end is with love of His word.
ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ ॥੧॥
naanak naam ratay say sach samaanay bahur na bhavjal fayraa. ||1||
Nanak says, "Those in love with name, are merging in True, they will not return to terrifying

waters." 1
ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥ maa-i-aa moh sabh baral hai doojai bhaa-ay khu-aa-ee raam.
The greed for wealth is all madness, it gets to lose in other's love, O! God.
ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥ maataa pitaa sabh hayt hai haytay palchaa-ee raam.
The mother, the father, are all affection, in affection one is plunged.
ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ ॥ haytay palchaa-ee purab kamaa-ee mayt na sakai ko-ee.
Plunging in affections is preordained for him, none can wipe it out.
ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ ॥
jin sarisat saajee so kar vaykhai tis jayvad avar na ko-ee.
One, who has created this world, He is looking after it, none else is equal to Him.
ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥
manmukh anDhaa tap tap khapai bin sabdai saa^Nt na aa-ee.
The Manmukh, blind yells in heat, without word, no peace.
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ ॥੨॥
naanak bin naavai sabh ko-ee bhulaa maa-i-aa mohi khu-aa-ee. ||2||
Nanak says, "Anyone, devoid of name is astraying, he is lost in the greed for wealth." 2
ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ ayhu jag jaltaa daykh kai bhaj pa-ay har sarnaa-ee raam.
Seeing, this world burning, I rushed to the refuge of God.
ਅਰਦਾਸਿ ਕਰੀਂ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ ॥
ardaas karee^N gur pooray aagai rakh layvhu dayh vadaa-ee raam.
I prayed before my perfect Guru, save me by your grace.
ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ ॥
rakh layvhu sarnaa-ee har naam vadaa-ee tuDh jayvad avar na daataa.
Have me in your refuge, this is the greatness of God's name, none else is giver matching you.
ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥ sayvaa laagay say vadbhaagay jug jug ayko jaataa.
Those who are in His service, are lucky, they know only One in all ages.
ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ ॥
jat sat sanjam karam kamaavai bin gur gat nahee paa-ee.
One may earn celibacy, truth, discipline, action, he cannot be liberated without Guru.
ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥੩॥
naanak tis no sabad bujhaa-ay jo jaa-ay pavai har sarnaa-ee. ||3||
Nanak says, "Whoever goes to his refuges, he teaches him his word." 3
ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ ॥ jo har mat day-ay saa oopjai hor mat na kaa-ee raam.
One who is given God's wisdom, he grows, no other wisdom works, O! God.
ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ ॥ antar baahar ayk too aapay deh bujhaa-ee raam.
Inside and outside you are alone, you make to understand it, O! God.
ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ ॥
aapay deh bujhaa-ee avar na bhaa-ee gurmukh har ras chaakhi-aa.
O! brother, He Himself makes to understand, and none else, Gurmukh has tasted the nectar of God.
ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ ॥ dar saachai sadaa hai saachaa saachai sabad subhaakhi-aa.
In the home of True is ever True, the true has spoken this word.

P. 572

ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ ॥ ghar meh nij ghar paa-i-aa satgur day-ay vadaa-ee.
In home, I haveI got my own home, true Guru, has blessed me with this honour (facility).

ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥੪॥੬॥
naanak jo naam ratay say-ee mahal paa-in mat parvaan sach saa-ee. ||4||6||
Nanak says, "Those, who are in love with name, they are allowed to enter His home, only their wisdom is accepted." 4.6
ਵਡਹੰਸੁ ਮਹਲਾ ੪ ਛੰਤ vad-hans mehlaa 4 chhant *VADHANS M: 4 CHHANT*
ੴ ਸਤਿਗੁਰ ਪ੍ਰਸਾਦਿ ॥ ik-oNkaar satgur prsaad.
God is one, realized by the grace of true Guru.
ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥ mayrai man mayrai man satgur pareet lagaa-ee raam.
O! my mind, my mind, true Guru has given me this love.
ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ ॥ har har har har naam mayrai man vasaa-ee raam.
O! my mind, he got God's name to abide my mind.
ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ ਵਿਸਾਰਣਹਾਰਾ ॥
har har naam mayrai man vasaa-ee sabh dookh visaaranhaaraa.
He has got God's name to abide in my mind, He gets to forget all sorrows.
ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੂ ਹਮਾਰਾ ॥
vadbhaagee gur darsan paa-i-aa Dhan Dhan satguroo hamaaraa.
I could see Guru, my great luck, my true Guru is great.
ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ ॥ oothat baithat satgur sayvah jit sayvi-ai saaNt paa-ee.
I serve my true Guru, while standing or sitting, serving Him, I am in peace.
ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ ॥੧॥ mayrai man mayrai man satgur pareet lagaa-ee. ||1||
O! my mind, my mind, true Guru has given me His love. 1
ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ ॥ ha-o jeevaa ha-o jeevaa satgur daykh sarsay raam.
I live, I live, seeing true Guru, I am in bliss, O! God.
ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥
har naamo har naam drirh-aa-ay jap har har naam vigsay raam.
Through the word of God, he teaches His name. Remembering God's name, I am in progression.
ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ ॥
jap har har naam kamal pargaasay har naam navaN niDh paa-ee.
Remembering God's name, the lotus (of mind) blossoms, through name, I get nine treasures.
ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ ॥
ha-umai rog ga-i-aa dukh laathaa har sahj samaaDh lagaa-ee.
The disease of ego is cured, the pain in removed, I am in trance for God, in ease.
ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ ॥
har naam vadaa-ee satgur tay paa-ee sukh satgur dayv man parsay.
The greatness of name, I have learnt from true Guru. He gave me happiness, my mind is enjoying its touch.
ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥੨॥ ha-o jeevaa ha-o jeevaa satgur daykh sarsay. ||2||
I live, I live, seeing true Guru, my mind is in bliss. 2
ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥ ko-ee aan ko-ee aan milaavai mayraa satgur pooraa raam.
Someone should come, and let me meet my perfect True Guru.
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥ ha-o man tan ha-o man tan dayvaa tis kaat sareeraa raam.
I will surrender my mind and body, and also pieces of the parts of my body, O! God.
ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥
ha-o man tan kaat kaat tis day-ee jo satgur bachan sunaa-ay.
Cutting and cutting, my mind and body, I shall submit before one, who gives me the words of

true Guru, to listen,
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ ॥
mayrai man bairaag bha-i-aa bairaagee mil gur darsan sukh paa-ay.
My mind is in detachment, thus is aloof, it pleases by meeting and seeing Guru.
ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ ॥
har har kirpaa karahu sukh-daatay dayh satgur charan ham Dhooraa.
O! giver of happiness God, be kind, O! true Guru, give me your feet-dust.
ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ॥੩॥ ko-ee aan ko-ee aan milaavai mayraa satgur pooraa. ||3||
Somebody should come, somebody should come, to let me meet, my perfect true Guru. 3
ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥ gur jayvad gur jayvad daataa mai avar na ko-ee raam.
Like Guru, like Guru, a giver, is none else for me, O! God.
ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥ har daano har daan dayvai har purakh niranjan so-ee raam.
The charity giving God, gives charity, same is my God, a taintless Purakh.
ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮੁ ਭਉ ਭਾਗਾ ॥
har har naam jinee aaraaDhi-aa tin kaa dukh bharam bha-o bhaagaa.
Those who have adored the name of God, their sorrows, doubts and fears have run away.
ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਨੀ ਮਨੁ ਲਾਗਾ ॥
sayvak bhaa-ay milay vadbhaagee jin gur charnee man laagaa.
The servants who meet God in love, are fortunate, their mind is fixed on the feet of Guru.
ਕਹੁ ਨਾਨਕ ਹਰਿ ਆਪਿ ਮਿਲਾਏ ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥
kaho naanak har aap milaa-ay mil satgur purakh sukh ho-ee.
Nanak says, "God Himself gets to meet, meeting true Guru, my Purakh becomes pleasing.
ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ॥੪॥੧॥ gur jayvad gur jayvad daataa mai avar na ko-ee. ||4||1||
Like Guru, like Guru, a giver, is none else for me, O! God." 4.1
ਵਡਹੰਸੁ ਮਹਲਾ ੪ ॥ vad-hans mehlaa 4. *VADHANS M: 4*
ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ਰਾਮ ॥ ha^N-u gur bin ha^N-u gur bin kharee nimaanee raam.
Without Guru, without Guru, I am just poor, O! God.
ਜਗਜੀਵਨੁ ਜਗਜੀਵਨੁ ਦਾਤਾ ਗੁਰ ਮੇਲਿ ਸਮਾਣੀ ਰਾਮ ॥ jagjeevan jagjeevan daataa gur mayl samaanee raam.
Life-giving, life-giving is, the Giver, Guru has got me to meet Him and merge in Him.
ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ ॥
satgur mayl har naam samaanee jap har har naam Dhi-aa-i-aa.
Meeting true Guru, I merge in God's name, meditating upon God, I remember His name.
ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ ॥
jis kaaran ha^N-u dhoondh dhoodhaydee so sajan har ghar paa-i-aa.
For whom, I was searching to search, that dear God, I found in my home.

P. 573

ਏਕ ਦ੍ਰਿਸ੍ਟਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥ ayk darisat har ayko jaataa har aatam raam pachhaanee.
With one eye (single mindedness) I knew only one, thus I could recognise God, all pervading.
ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ॥੧॥ ha^N-u gur bin ha^N-u gur bin kharee nimaanee. ||1||
Without Guru, without Guru, I am just a poor. 1
ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥
jinaa satgur jin satgur paa-i-aa tin har parabh mayl milaa-ay raam.
Those who, those who, met true Guru, they got me to meet my God, Master.
ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ ॥
tin charan tin charan sarayveh ham laagah tin kai paa-ay raam.

I serve their feet, their feet, I wish to be at their feet, O! God.
ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧ੍ਯਾਇਆ ॥
har har charan sarayveh tin kay jin satgur purakh parabh Dha-yaa-i-aa.
Serve the feet of those, who have got me to run for true Guru, Purakh, Master.
ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿ ਰਾਇਆ ॥
too vaddaataa antarjaamee mayree sarDhaa poor har raa-i-aa.
You are great giver, the knower of my mind, please God-king, fulfill my faith.
ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ ॥
gursikh mayl mayree sarDhaa pooree an-din raam gun gaa-ay.
Meeting the Sikhs of Guru, my faith is perfected, day and night I sing His attributes.
ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥
jin satgur jin satgur paa-i-aa tin har parabh mayl milaa-ay. ||2||
Those who, those who met true Guru, they got me to meet my God-Master. 2
ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ਰਾਮ ॥ ha^N-u vaaree ha^N-u vaaree gursikh meet pi-aaray raam.
I sacrifice, I sacrifice myself for my dear friends, Sikhs of Guru.
ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥
har naamo har naam sunaa-ay mayraa pareetam naam aDhaaray raam.
Reciting God's name, they get me to listen His name. O! my dear only your name sustains me.
ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥
har har naam mayraa paraan sakhaa-ee tis bin gharhee nimakh nahee jeevaa^N.
Name of God is friend of my life, I cannot live without it, even for a while, a moment.
ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥ har har kirpaa karay sukh-daata gurmukh amrit peevaa^N.
If the giver of happiness, God becomes kind, like Gurmukhs, I shall drink His nectar.
ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ ॥ har aapay sarDhaa laa-ay milaa-ay har aapay aap savaaray.
God Himself gets me into faith, Himself gets me to meet Him, and Himself refashions.
ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ॥੩॥ ha^N-u vaaree ha^N-u vaaree gursikh meet pi-aaray. ||3||
I sacrifice, I sacrifice for my dear, Sikhs of Guru. 3
ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ ॥ har aapay har aapay purakh niranjan so-ee raam.
God Himself, God Himself is Purakh, and Himself is taintless God.
ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ ॥ har aapay har aapay maylai karai so ho-ee raam.
God Himself, God Himself, gets me to meet, whatever He does that happens.
ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥ jo har parabh bhaavai so-ee hovai avar na karnaa jaa-ee.
Whatever is liked by God-Master, that happens, nothing else can be done.
ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥
bahut si-aanap la-i-aa na jaa-ee kar thaakay sabh chaturaa-ee.
Even with lot of wisdom one cannot meet Him, many have tried their smartness.
ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥
gur parsaad jan naanak daykhi-aa mai har bin avar na ko-ee.
Nanak, the man of God, says "With His grace, I have found that, none other than God is for me.
ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥੪॥੨॥ har aapay har aapay purakh niranjan so-ee. ||4||2||
God Himself, Himself is Purakh, and Himself is taintless." 4.2
ਵਡਹੰਸੁ ਮਹਲਾ ੪ ॥ vad-hans mehlaa 4. ***VADHANS M: 4***
ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥
har satgur har satgur mayl har satgur charan ham bhaa-i-aa raam.
Let me meet God, true Guru, God, true Guru, the feet of God, true Guru, are pleasing to me.

ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
timar agi-aan gavaa-i-aa gur gi-aan anjan gur paa-i-aa raam.
Guru put in my eyes the anjan of knowledge, and my dark ignorance is removed.
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
gur gi-aan anjan satguroo paa-i-aa agi-aan anDhayr binaasay.
Guru, true Guru, put the anjan of knowledge in my eyes, the darkness of ignorance is removed.
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥ satgur sayv param pad paa-i-aa har japi-aa saas giraasay.
Serving true Guru, I gained, the supreme position. I remember God by every breath, every morsel.
ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥
jin kaN-u har parabh kirpaa Dhaaree tay satgur sayvaa laa-i-aa.
Upon whom God Master is kind, they are given the service of true Guru.
ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥
har satgur har satgur mayl har satgur charan ham bhaa-i-aa. ||1||
God, true Guru, God, true Guru, has got me to meet, the feet of true Guru are pleasing to me. 1
ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥
mayraa satgur mayraa satgur pi-aaraa mai gur bin rahan na jaa-ee raam.
My true Guru, my true Guru, is lovely, I cannot live without Him.
ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥ har naamo har naam dayvai mayraa ant sakhaa-ee raam.
Through God's word, he gives me name, name is my friend in the end.
ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥
har har naam mayraa ant sakhaa-ee gur satgur naam drirh-aa-i-aa.
The name of God is my friend, in the end, Guru, true Guru, taught me name.
ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥
jithai put kalatar ko-ee baylee naahee tithai har har naam chhadaa-i-aa.
Where there, son, wife, none is a friend, there the name of God, gets me free.
ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥
Dhan Dhan satgur purakh niranjan jit mil har naam Dhi-aa-ee.
Great, great is true Guru, taintless Purakh, meeting whom, I remember the name of God.
ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥
mayraa satgur mayraa satgur pi-aaraa mai gur bin rahan na jaa-ee. ||2||
My rue Guru, my true Guru is my dear, I cannot live without him. 2

P. 574

